# ਮਈ 2007 ਦੇ ਬਾਗ਼ਬਾਨੀ ਨੁਕਤੇ

ਵਲੋਂ: ਫਰਾਂਜ਼ ਨੀਦਰਹੋਲਜ਼ਰ ਕ੍ਰਿਸ਼ੀ ਸਲਾਹਕਾਰ

ਯੂਨੀਵਰਸਟੀ ਔਫ਼ ਕੈਲੇਫੋਰਨੀਆ ਕੋਪਰੇਟਿਵ ਪਰਸਾਰ ਸਿਖਿਆ
ਸੱਟਰ / ਯੁਬਾ ਸਿਟੀ 1

COMMUNITY ALLIANCE WITH FAMILY FARMERS

## ਕੀੜੇ ਮਕੌੜਿਆ ਦੀ ਹਾਲਤ:

- **ਆੜੂਆ ਦੀਆਂ ਟਹਿਣੀਆਂ ਦਾ ਮੋਰੀ ਸੁੰਡਾ**;
  ਇਸ ਸੁੰਡੇ ਦਾ ਬਇਉਫਿਕਸ ਸੱਟਰ ਅਤੇ ਯੂਬਾ ਜਿਲ੍ਹਿਆਂ ਦੇ ਵੱਖ ਵੱਖ ਥਾਵਾਂ ਤੇ ਮਾਰਚ 30 ਅਤੇ ਐਪ੍ਰਲ 6 ਦੇ ਵਿੱਚਕਾਰ ਸੀ1 ਬਾਇਉਫਿਕਸ ਮਗਰੋ 8 ਮਈ ਤੱਕ, ਦਿਨਾ ਦੀਆਂ ਤਾਪ ਡਿਗਰੀਆਂ 335 ਤੇ 375 ਦੇ ਵਿੱਚਕਾਰ ਸਨ1 ਅਗਰ ਤੁਹਾਡੇ ਬਾਗ਼ ਵਿਚ ਮੋਰੀ ਸੁੰਡੇ ਨੂੰ ਕਾਬੂ ਕਰਨ ਦੀ ਲੋੜ ਹੈ, ਤਾਂ ਜਿਹੜੀ ਦਵਾਈ ਤੁਸੀ ਵਰਤਨੀ ਚਾਹੁਦੇਂ ਹੋ, ਤਾਂ ਉਸ ਅਨੁਸਾਰ ਬਾਇਓਫਿਕਸ ਮਗਰੋ 300 ਤੋਂ 500 ਦਿਨ ਦੀਆਂ ਤਾਪ ਡਿਗਰੀਆਂ ਪਹੁੰਚਣ ਤੇ ਸਪਰੇ ਕਰੋ1

- **ਪਰੂਣਾਂ ਦੀਆਂ ਗਰਮ ਰੁੱਤ ਬੀਮਾਰੀਆਂ**
  ਅੱਜ ਤੱਕ ਨਾ ਤਾਂ ਰੱਸਟ ਅਤੇ ਨਾ ਹੀ ਕੋਈ ਹਰੇ ਫੱਲਾਂ ਦੇ ਗਲਣ ਸੜਣ ਦੀ ਬੀਮਾਰੀ ਦੇ ਕੋਈ ਆਸਾਰ ਨਜ਼ਰ ਆਏ ਹਨ1 ਰੱਸਟ ਨੂੰ ਦੇਖ ਭਾਲਣ ਦੀ ਮੁਹਿਮ 1 ਮਈ ਤੋਂ ਸੁਰੂ ਕਰਨੀ ਚਾਹੀਦੀ ਹੈ1

- **ਬਦਾਮਾਂ ਦੀਆਂ ਗਰਮ ਰੁੱਤ ਬੀਮਾਰੀਆਂ**
  ਅਜੇ ਤੱਕ ਕਿਸੇ ਰੱਸਟ, ਸਕੈਬ, ਐਂਥਰੈਕਨੋਜ ਜਾਂ ਆਲਟਰਨੇਰੀਆ ਝੁਲਸ ਰੋਗ ਦੀ ਜਾਂ ਕਿਸੇ ਹੋਰ ਮੁਸ਼ਕਿੱਲ ਦੀ ਰਿਪੋਰਟ ਨਹੀ ਆਈ1

- **ਸਪਾਈਡਰ ਮਾਈਟ**
  ਇਸ ਸਾਲ ਸਪੀਡਰ ਮਾਈਟ ਨੂੰ ਭਾਲਣ ਦੀ ਆਮ ਨਾਲੋ ਪਹਿਲਾ ਕੋਸ਼ਿਸ਼ ਕਰੋ1 ਅੱਜ ਤੱਕ ਆਪਣੇ ਇਲਾਕੇ ਵਿਚ ਜੂਆਂ (ਮਾਇਟ) ਦੀ ਕੋਈ ਸਮਸਿਆ ਨਹੀ ਸੁਣੀ1 ਗਰਮ ਰੁਤ ਵਿਚ ਸਪਾਇਡਰ ਮਾਇਟ ਦਾ ਵਾਧਾ ਬਹੁਤ ਹੀ ਜਲਦੀ ਹੁੰਦਾ ਹੈ, ਇਸ ਲਈ ਖਾਸ ਕਰਕੇ ਜਿਹਨਾਂ ਧੋੜਿਆਂ ਵਿਚ ਇਸ ਦੀ ਸਮਸਿਆ ਪਹਿਲਾਂ ਵੀ ਦੇਖੀ ਗਈ ਹੋਵੇ, ਓਹਨਾਂ ਵਿਚ ਇਸ ਦੀ ਰੋਕ ਥਾਮ ਲਈ ਇਸ ਨੂੰ ਭਾਲਣ ਦੀ, ਹਫਤਾ ਵਾਰ ਮੁਹਿਮ, ਸੁਰੂ ਕਰੋ1 ਸਪਾਇਡਰ ਮਾਇਟ ਦੇ ਮਾਰੂ ਮਿੱਤਰ ਕੀੜਿਆਂ, ਨੂੰ ਰੱਸਟ ਦੀ ਰੋਕ ਥਾਮ ਲਈ ਵਰਤੀ ਗਈ ਸਲਫਰ ਦੀ ਸਪਰੇਅ, ਹਾਨੀਕਾਰਕ ਸਿੱਧ ਹੁੰਦੀ ਹੈ1

- **ਨੈਵਲ ਸੰਗਤਰੀ ਸੁੰਡਾ**
  ਇਸ ਸੁੰਡੇ ਦੀ ਬਾਇਓਫਿਕਸ ਧੁਰਹਓਮ (Durham) ਵਿਚ ਐਪ੍ਰਲ 15 ਸੀ1 ਜੇ ਕਰ ਇਹ ਤਾਰੀਕ ਸੱਟਰ/ਯੁਬਾ ਨਾਲ ਮੇਲ ਖਾਦੀ ਹੈ, ਜਿਹੜੀ ਕਿ ਇਸ ਦੇ ਕਾਫੀ ਨੇੜੇ ਹੈ1 ਬਾਇਉਫਿਕਸ ਦੇ ਮਗਰੋ 100 ਦਿਨ ਤਾਪ ਡਿਗਰੀਆਂ ਪਹੁੰਚਣ ਮਗਰੋ, ਇਸ ਦੇ ਆਂਡਿਆਂ ਵਿਚੋ ਸੁੰਡੇ ਨਿਕਲਦੇ ਹਨ1 ਨੈਵਲ ਸੰਗਤਰੀ ਸੁੰਡੇ ਦੀ ਰੋਕ ਥਾਂਮ ਲਈ ਪੁਗਾਂਰੇ ਦੀ ਸਪਰਅ ਐਪ੍ਰਲ 27-28 ਨੂੰ ਕਰ ਦੇਣੀ ਚਾਹੀਦੀ ਸੀ1 ਹੁਣ ਨੈਵਲ ਸੰਗਤਰੀ ਸੁੰਡੇ ਦੇ ਰੋਕਣ ਲਈ ਸਪਰੇ ਦਾ ਸਮਾਂ ਫਲ ਦੇ ਬਾਹਰਲੇ ਛਿਲਕੇ ਦੇ ਫਟਣ ਤੇ ਹੈ1

## ਜੂਨ ਵਿਚ ਜਿਪਸਮ;

ਜ਼ਮੀਨ ਵਿਚ ਪਾਣੀ ਦੇ ਰਿਸਣ ਸਕਤੀ ਦੇ ਵਿਧਾਉਣ ਲਈ ਜਿਪਸਮ ਪਾਉਣ ਦਾ ਢੁਕਵਾ ਸਮਾਂ ਜੂਨ ਦਾ ਮਹੀਨਾ ਹੈ1 ਅਗਰ ਤੁਸੀ ਖੇਤ ਵਿਚ ਪਾਣੀ ਖੜਾ ਕਰਨ, ਜਾਂ ਪੂਰੇ ਸਪਰਿੰਕਲਰ ਚਲਾਉਣ ਤੋ ਪਹਿਲਾਂ ਜਿਪਸਮ ਦਾ ਛੱਟਾ ਦਿੱਤਾ ਹੈ, ਤਾਂ ਖੇਤ ਵਿਚ ਡਿਸਕਾਂ ਜਾਂ ਹਲ ਨਾ ਚਲਾਉ1 ਪਾਣੀ ਨੂੰ ਆਪਣੇ ਆਪ ਜਿਪਸਮ ਨੂੰ ਘੋਲਕੇ ਜਾਮੀਨ ਵਿਚ ਹੇਠਾਂ ਲਿਜਾਣ ਦਿਉ1 ਖੇਤ ਵਿਚ ਡਿਸਕਾਂ ਕਰਣ ਨਾਲ ਪਾਣੀ ਦੇ ਰਿਸਣ ਦੀ ਕਿਰਿਆ, ਜਿਪਸਮ ਪਾ ਕੇ ਡਿਸਕ ਨਾ ਕਰਨ ਦੇ ਬਰਾਬਰ ਹੁੰਦੀ ਹੈ1

## ਖਾਦਾਂ:

ਬੂਟਿਆਂ ਤੇ ਫੱਲ ਪੈਣ ਦੇ ਜੋਰ ਤੇ ਹੀ ਨਾਈਟਰੋਜਨ ਅਤੇ ਪੁਟਾਸ ਦੀ ਮੰਗ ਨਿਰੱਭਰ ਹੁੰਦੀ ਹੈ1 ਇਸ ਸਾਲ ਖਾਦਾਂ ਦੀ ਕੀਮਤ ਵਧ ਹੋਣ ਕਰਕੇ, ਫੱਲ ਲੱਗਣ ਦੇ ਭਾਰ ਦਾ ਅੰਦਾਜ਼ਾ ਲੱਗਣ ਤਕ ਉਡੀਕਣਾ ਹੀ, ਬਾਗ਼ ਵਿਚ ਖਾਦਾਂ ਦੀ ਲੋੜ ਦਾ ਅੰਦਾਜ਼ਾ ਲਾਉਣ ਦਾ ਇਕ ਚੰਗਾ ਢੰਗ ਹੈ1 ਇਸ ਨਾਲ ਨਾਇਟਰੋਜਨ ਅਤੇ ਪੁਟਾਸ ਖਾਦਾਂ ਪਾਉਣ ਤੇ ਖਰਚਾ ਘਟਾਇਆ ਜਾ ਸਕਦਾ ਹੈ1

## ਸਿੰਚਾਈ:

ਬਾਗ ਵਿਚ ਜ਼ਮੀਨ ਦੀ ਨਮੀ ਦੇਖਕੇ ਲੋੜ ਪੈਣ ਤੇ ਸਿੰਚਾਈ ਕਰੋ1 ਔੜੇ ਬੂਟਿਆਂ ਤੇ ਜੂਆਂ ਦਾ ਹਮਲਾ ਵੱਧ ਹੋਣ ਨਾਲ ਬੂਟਿਆਂ ਦਾ ਫਲਾਉ ਘੱਟ ਜਾਂਦਾ ਹੈ1 ਅਗਰ ਮਈ ਅਤੇ ਜੂਨ ਦੇ ਸ਼ੁਰੂ ਵਿਚ ਪਾਰੂਣਾ ਦੇ ਬੂਟਿਆਂ ਨੂੰ ਔੜ ਲਗ ਜਾਵੇ ਤਾਂ ਗਰਮ ਮੌਸਮ ਵਿਚ ਸਿੰਚਈ ਕਰਨ ਨਾਲ ਫੱਲ ਫੱਟਣ ਲਗ ਜਾਂਦੇ ਹਨ1

## ਫਲ ਦੇ ਤੁੜਾਈ ਦੇ ਸਮੇ ਦਾ ਅੰਦਾਜ਼ਾ

ਫੁੱਲਾਂ ਦੇ 50% ਖਿੜਣ ਤੋ ਪਹਿਲੇ 30 ਦਿਨਾ ਵਿਚ, ਦਿਨ ਤਾਪ ਯੂਨਿਟਾਂ ਦਾ ਜੋੜ ਲਾਉਣਾ ਹੀ, ਤੁੜਾਈ ਦੇ ਸਮੇ ਦਾ ਅੰਦਾਜ਼ਾ ਲਾਉਣ ਦਾ ਇਕ ਸਹੀ ਢੰਗ ਹੈ1 ਇਸ ਸਾਲ (2007) ਜਿਹੜੇ ਬੂਟਿਆਂ ਦੇ ਪੂਰੇ ਫੁੱਲ 12-21 ਮਾਰਚ ਤਕ ਖਿੜੇ ਸਨ, ਉਹਨਾ ਦਾ ਤੁੜਾਈ ਦੇ ਸਮੇ ਦਾ ਅੰਦਾਜ਼ਾ 16-28 ਅਗੱਸਤ ਦਾ ਲਗਾਇਆ ਗਿਆ ਹੈ1 ਇਸ ਸਾਲ ਪੂਰੇ ਫੁੱਲ ਖਿੜਣ ਦੇ ਪਹਿਲੇ 30 ਦਿਨਾਂ ਦੇ ਤਾਪ ਯੂਨਿਟਾਂ ਦਾ ਜੋੜ ਸੰਨ 2004 ਦੇ ਇਹਨਾ ਦਿਨਾ ਦੇ ਯੂਨਿਟਾਂ ਦੇ ਬਰਾਬਰ ਹੈ, ਜਦੋ ਕਿ ਉਸ ਸਾਲ ਤੁੜਾਈ ਅਗੇਤੀ ਸੀ1 ਇਸ ਸਾਲ ਸਰਦੀਆਂ ਦੇ ਪਛੇਤ ਵਿਚ, ਅਤੇ ਬਹਾਰ ਮੌਸ਼ਮ ਦੇ ਸੁਰੂ ਵਿਚ, ਤਾਪਮਾਨ ਵਧ ਹੋਣ ਕਰਕੇ ਬਦਾਮਾਂ ਦੀ ਫਸਲ ਦੀ ਤੁੜਾਈ ਅਗੇਤੀ ਹੋ ਸਕਦੀ ਹੈ1

## ਬੂਟਿਆਂ ਨੂੰ ਪੇਂਟ

ਛੋਟੇ ਬੂਟਿਆਂ ਦੇ ਤਣੇ ਦੀ ਛਿਲੱੜ ਦੀ ਰਾਖੀ ਲਈ, ਘਰ ਵਿਚ ਕਰਨ ਵਾਲਾ ਚਿੱਟਾ ਸਸੱਤਾ ਪੇਂਟ ਕਰੋ1 ਪੇਂਟ ਤੇ ਕੁਝ ਪੈਨੀਆਂ ਦਾ ਕੀਤਾ ਖਰਚ, ਬਾਗ ਵਿਚ ਬੂਟਿਆ ਨੂੰ ਹੋਣ ਵਾਲੇ ਨੁਕਸਾਨ ਤੋ ਬਚਾਉ ਕਰ ਸਕਦਾ ਹੈ1

## ਸੁਕੀਆਂ ਟਹਿਣੀਆਂ ਦੀ ਕਟਾਈ

ਬਦਾਮਾਂ ਦੀਆਂ ਸੁਕੀਆਂ ਟਹਿਣੀਆਂ ਦੀ ਕਾਂਟ ਸਾਂਗ ਹੀ ਬੂਟਿਆਂ ਦੀਆਂ ਬੀਮਾਰੀਆਂ ਦੀ ਰੋਕ ਥਾਂਮ ਦੇ ਪ੍ਰੋਗਰਾਮ ਦਾ ਚੰਗਾ ਨੀਹ ਪੱਥਰ ਹੈ 1

## ਲੀਫ ਫੁਟਿਡ ਬੱਗ

ਇਸ ਕੀੜੇ ਦੀ ਜਾਨਕਾਰੀ ਲਈ ਮੈਨੂੰ ਬਹੁਤ ਲੋਕਾਂ ਨੇ ਪੰਹੁਚ ਕੀਤੀ ਹੈ1 ਸੰਨ 2006 ਵਿਚ ਇਸ ਕੀੜੇ ਨੇ ਬਦਾਮਾਂ ਦੇ ਉਤਪਾਦਕਾਂ ਨੂੰ ਬੜੀ ਸਮਸਿਆ ਖੜੀ ਕੀਤੀ ਸੀ1 ਪਿਛਲੇ ਪੁੰਗਾਰੇ ਦੇ ਮੌਸਮ ਦੇ ਮੁਕਾਬਲੇ ਇਸ ਸਾਲ ਦੱਖਣੀ ਸੈਣ ਜਉਕਿਣ ਵਾਦੀ (San Joaquin valley) ਵਿਚ ਇਸ ਦੀ ਗਿਣਤੀ ਘੱਟ ਹੈ1 ਮੈ ਇਸ ਸਾਲ ਦਖਣੀ ਸੈਕਰਾਮੈਂਟੋ ਵਾਦੀ ਵਿਚ, ਇਸ ਕੀੜੇ ਦੀ ਕੋਈ ਸਮਸਿਆਂ ਨਹੀ ਸੁਣੀ1 ਜਲਦੀ ਹੀ ਫਲਾਂ ਦੇ ਬਾਹਰ ਦਾ ਛਿਲਕਾ ਇਸ ਕੀੜੇ ਲਈ ਫਲ ਵਿਚ ਵੜਕੇ, ਨੁਕਸਾਨ ਪੁਚਾਉਣ ਲਈ ਸਖਤ ਹੋ ਜਾਵੇਗਾ1 ਡੇਵਿਸ ਯੁਨੀਵਰਸਟੀ ਦੇ ਵਿਗਿਆਨੀ ਹਾਲੇ ਆਉਣ ਵਾਲੇ ਸਰਦ ਮੌਸਮ ਵਿਚ ਇਸ ਕੀੜੇ ਦੀ ਗਿਣਤੀ ਨੂੰ ਭਾਲਣ ਦੀਆਂ ਵਿਧੀਆਂ ਦੀ ਪ੍ਰਤਾਲ ਕਰ ਰਹੇ ਹਨ1

## ਖੇਤ ਦਵਾਈਆਂ ਵਾਲੇ ਡੱਬਿਆਂ ਦੀ ਦੁਬਾਰਾ ਵਰਤੌਂ (ਮੁੱਫਤ):

ਦਵਾਈਆਂ ਵਾਲੇ ਖਾਲੀ ਡੱਬੇ, ਜਿਹੜੇ ਤਿੰਨ ਵਾਰ ਧੋਤੇ ਹੋਣ, ਮਈ 2007 ਮਿਤੀ 28, ਦਿਨ ਸੋਮਵਾਰ ਸਵੇਰੇ 8.00-2.00 ਸ਼ਾਮ, ਜੋਹਨ ਟੇਲਰ ਫਰਟੇਲਾਈਜ਼ਰ, ਜੋਰਜ਼ ਵਾਸਿੰਗਟਨ ਰੋਡ, ਯੁਬਾ ਸਿਟੀ ਵਿਖੇ ਮੁਫੱਤ ਲਏ ਜਾਣਗੇ1 ਹੋਰ ਜਾਣਕਾਰੀ ਲਈ ਜਾਨ ਕੈਂਡਲ, ਸਟੱਰ ਕਾਉਂਟੀ, ਖੇਤੀ ਕਮਿਸ਼ਨਰ ਦੇ ਦਫਤਰ ( 822-7503 ) ਨਾਲ ਸੰਪਰਕ ਕਰੋ1

## ਫਰਾਂਜ਼ ਨਾਲ ਮਿਲਣੀ

ਤੁਸੀ ਫਰਾਂਜ਼ ਨਾਲ ਹੇਠ ਲਿਖੇ ਵੇਰਵੇ ਅਨੁਸਾਰ ਦੁਪਿਹਰ ਦੇ ਭੋਜਨ ਤੇ ਮਿਲਣੀ ਕਰ ਸਕਦੇ ਹੋ1 ਹਰ ਮੀਟਿੰਗ ਤੇ ਬਗੈਰ ਪਰੋਹੁਣਚਾਰੀ ਖਰਚੇ ਤੋ ਹਰ ਕਿਸਾਨ ਨੂੰ ਇਕ ਘੌਂਟੇ ਦਾ ਲਗਾਤਾਰ ਕਿਸਾਨ ਸਿਖਲਾਈ ਕਰੈਡਿਟ ਮਿਲੇਗਾ1 ਹੋਰ ਸਵਾਲਾਂ ਜਾਂ ਜਾਣਕਾਰੀ ਲਈ ਫਰਾਂਜ਼ ਨਾਲ ਸੈਲ ਫੂਨ ਨੰਬਰ 530-218-2359 ਤੇ ਸੰਪਰਕ ਕਰੋ1

| ਥਾਂ | ਦਿਨ | ਸਮਾਂ |
|---|---|---|
| ਜਿਮੀ ਰੈਸਟੋਰੈਂਟ ਯੁਬਾ ਸਿਟੀ | ਮਹੀਨੇ ਦਾ ਦੁਜਾ ਵੀਰਵਾਰ | ਦੁਪਿਹਰ ਦਾ ਖਾਣਾ |
| ਬੇਟੀ'ਜ਼ ਔਥੈਂਟਿਕ ਮੈਕਸੀਕਨ ਰੈਸਟੋਰੈਂਟ, ਲ਼ਾਈਵ ਓਕ | ਮਹੀਨੇ ਦਾ ਚੋਥਾ ਵੀਰਵਾਰ | ਦੁਪਿਹਰ ਦਾ ਖਾਣਾ |